ਦਫਤਰ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਮੈਜਿਸਟਰੇਟ, ਫਿਰੋਜ਼ਪੁਰ

**OFFICE OF DEPUTY COMMISSIONER CUM DISTT. MAGISTRATE, FEROZEPUR**

(ਫੁਟਕਲ ਸ਼ਾਖਾ)

ਹੁਕਮ ਨੰ: 448

ਕੋਵਿਡ-19 (ਕਰੋਨਾ ਵਾਇਰਸ) ਦੀ ਬਿਮਾਰੀ ਵਿਸ਼ਵ ਭਰ ਵਿੱਚ ਫੈਲਣ ਤੋਂ ਬਾਅਦ ਇਸ ਨੇ ਆਪਣੇ ਪੈਰ ਪੂਰੇ ਭਾਰਤ ਵਿੱਚ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਨੂੰ ਮੁੱਖ ਰਖੱਦੇ ਹੋਏ, ਜਿਲ੍ਹਾ ਫਿਰੋਜਪੁਰ ਵਿੱਚ ਵੀ ਇਸ ਵਾਇਰਸ ਦੇ ਫੈਲਣ ਦਾ ਖਤਰਾ ਲਗਾਤਾਰ ਬਣਿਆ ਹੋਇਆ ਹੈ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੈ। ਇਸ ਸਬੰਧੀ ਇਸ ਦਫਤਰ ਦੇ ਹੁਕਮ ਨੰ: 370 ਮਿਤੀ 23.03.2020, ਹੁਕਮ ਨੰ: 399 ਮਿਤੀ 31.03.2020 ਅਤੇ ਹੁਕਮ ਨੰ: 422 ਮਿਤੀ 15.04.2020 ਰਾਹੀ ਅਗਲੇ ਹੁਕਮਾਂ ਤੱਕ ਜਿਲ੍ਹਾ ਫਿਰੋਜਪੁਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ।

ਨਿਮਨਹਸਤਾਖਰ ਵੱਲੋਂ ਹੁਕਮ ਨੰ. 440 ਮਿਤੀ 01.05.2020 ਕੁਝ ਦੁਕਾਨਾਂ ਨੂੰ ਖੋਲ੍ਹਣ ਦੀ ਛੋਟ ਦਿੱਤੀ ਗਈ ਸੀ। ਉਕਤ ਹੁਕਮ ਵਿੱਚ ਸੋਧ ਕਰਦੇ ਹੋਏ ਮੈਂ **ਕੁਲਵੰਤ ਸਿੰਘ, ਆਈ.ਏ.ਐਸ.,** ਜ਼ਿਲ੍ਹਾ ਮੈਜਿਸਟਰੇਟ, ਫਿਰੋਜ਼ਪੁਰ ਸੀ.ਆਰ.ਪੀ.ਸੀ. 1973 ਦੀ ਧਾਰਾ 144 ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋ ਕਰਦੇ ਹੋਏ ਹੇਠ ਲਿਖੇ ਅਨੁਸਾਰ ਛੋਟਾਂ ਦਿੰਦਾ ਹਾਂ:-

| Sr. No. | Category of Establishments | Opening Days & Duration (09.00 AM To 01.00 PM) |
|---|---|---|
| 1 | **Category I** | **5 Days in a Week** |
| | Grocery Store, Karyana Store, Medical Pharmacy (Chemist Shops), Milk Booths (Dairy Products), Sweets Shops, Tea Stalls, Juice Shops, Bakery Shops, Meat and Poultry Shops, Cement, Sand and Bajri Shops, Seed and Fertilizer and Pesticides Shops, Confectionary Shops and Constructions activity related shops. | **Monday, Tuesday, Wednesday, Thursday, Friday.** |
| | **Category II** | **3 Days in a Week** |
| 2 | Sanitary Stores, Hardware Shops & Plywood, Paint Shops, Marble Shops, PVC, Glassware, Electrical and Electronics Shops, Tyres Shops, Cycle Stores, Automobile Shops, Pump Set and All Mechanics & Repair Shops | **Monday, Wednesday and Friday.** |
| | **Category III** | **3 Days in a Week** |
| 3 | Optical/Watch Shops, General Stores (Munyari), General Provision Store, Stationary Shops, Photostate Shops, Cloth Merchant Shops, Tailor Shops, Ready Made Garments Shops, Shoe & Leather Shops, Jwellers Shops, Dry Cleaners Shops, Dying Shops, Mobile Stores, Mobile Repair Shops, Sports Goods Shops, Utensils Shops, Crockery Shops, Plastic Goods Shops, Gift House Shops, Flower Decoration Shops | **Tuesday, Thursday and Saturday.** |

DISTRICT MAGISTRATE FEROZEPUR

Scanned by CamScanner

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜ਼ਿਲ੍ਹੇ ਦੇ ਸਾਰੇ ਪੇਂਡੂ/ਸ਼ਹਿਰੀ ਖੇਤਰਾਂ ਵਿੱਚ **Multi Brand** ਜਾਂ **Single Brand Shoping Malls, Multiplex, Saloon/Beauty Parlour** ਅਤੇ **ਸ਼ਰਾਬ ਦੇ ਠੇਕਿਆਂ** ਨੂੰ ਖੁਲ੍ਹਣ ਦੀ ਆਗਿਆ ਨਹੀਂ ਹੋਵੇਗੀ ਭਾਵ ਉਹ ਬੰਦ ਰਹਿਣਗੇ।

ਹਰ ਦੁਕਾਨਦਾਰ ਇਹ ਯਕੀਨੀ ਬਣਾਏਗਾ ਕਿ ਦੁਕਾਨ ਦੇ ਬਾਹਰ **ਚਿੱਟੇ ਰੰਗ ਦੇ ਗੋਲੇ ਬਣਾਏ** ਗਏ ਹੋਣ ਤਾਂ ਜ਼ੋ ਸਮਾਜਿਕ ਦੂਰੀ **(Social Distance)** ਸਬੰਧੀ ਸਿਹਤ ਵਿਭਾਗ ਦੀਆਂ ਹਦਾਇਤਾਂ ਮੁਤਾਬਿਕ 2 ਵਿਅਕਤੀਆਂ ਵਿਚਕਾਰ ਘੱਟੋ-ਘੱਟ 2 ਮੀਟਰ ਦਾ ਫਾਸਲਾ ਰੱਖਿਆ ਜਾਵੇ ਤਾਂ ਜ਼ੋ ਕਰੋਨਾ ਵਾਇਰਸ ਦੀ ਬਿਮਾਰੀ ਨਾ ਫੈਲ ਸਕੇ। ਸਾਰੇ ਦੁਕਾਨਦਾਰ ਅਤੇ ਦੁਕਾਨ ਵਿੱਚ ਕੰਮ ਕਰਦੇ ਵਿਅਕਤੀ ਮਾਸਕ ਅਤੇ ਸੈਨੀਟਾਈਜ਼ਰ ਦਾ ਇਸਤੇਮਾਲ ਕਰਨਾ ਅਤੇ ਸਮੇਂ-ਸਮੇਂ ਤੇ Covid-19 ਸਬੰਧੀ ਪ੍ਰਾਪਤ ਹੋਈਆਂ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਣਗੇ।

ਪਰਿਵਾਰ ਦੇ **ਸਿਰਫ ਇੱਕ ਮੈਂਬਰ** ਨੂੰ ਹੀ ਜਰੂਰੀ ਵਸਤਾਂ ਖਰੀਦਣ ਲਈ **ਸਵੇਰੇ 9.00 ਵਜੇ ਤੋਂ ਦੁਪਿਹਰ** 01.00 ਵਜੇ ਤੱਕ ਘਰ ਤੋਂ ਬਾਹਰ ਪੈਦਲ ਜਾਣ ਦੀ ਆਗਿਆ ਹੋਵੇਗੀ। ਜੇਕਰ ਕੋਈ ਵਿਅਕਤੀ ਪੈਦਲ ਦੀ ਥਾਂ ਕੋਈ ਵਹੀਕਲ ਲੈ ਕੇ ਸਮਾਨ ਲੈਣ ਜਾਂਦਾ ਹੈ ਤਾਂ ਉਸ ਦਾ **ਵਹੀਕਲ ਜਬਤ ਕਰ** ਲਿਆ ਜਾਵੇਗਾ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਹ **ਮੈਂਬਰ ਮਾਸਕ ਪਾ ਕੇ ਹੀ** ਘਰ ਤੋਂ ਬਾਹਰ ਨਿਕਲੇਗਾ ਅਤੇ **ਸਮਾਜਿਕ ਦੂਰੀ ਦੀ ਪਾਲਣਾ** ਨੂੰ ਯਕੀਨੀ ਬਣਾਏਗਾ।

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਹੁਕਮਾਂ ਦਾ **Containment Zones** ਵਿੱਚ ਕੋਈ ਅਸਰ ਨਹੀਂ ਹੋਵੇਗਾ। ਜੇਕਰ ਵੱਖਰੇ ਤੌਰ ਤੇ ਜਾਰੀ ਕੀਤੇ ਗਏ **Containment Zones** ਵਿੱਚ ਕੋਈ ਦੁਕਾਨ ਖੋਲਦਾ ਹੈ ਤਾਂ ਉਸ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਹ ਹੁਕਮ ਤੁਰੰਤ ਪ੍ਰਭਾਵ ਤੋਂ ਲਾਗੂ ਹੋਣਗੇ।

DISTRICT MAGISTRATE * FEROZEPUR *

ਕੁਲਵੰਤ ਸਿੰਘ, **IAS**
ਜਿਲ੍ਹਾ ਮੈਜਿਸਟਰੇਟ
ਫਿਰੋਜਪੁਰ

ਪਿੱਠ ਅੰਕਣ ਨੰ:ਫਸ/ਫਕ-1/2020/1208 ਮਿਤੀ: 5-5-2020

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਧਿਕਾਰੀਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1 ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2 ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ, ਪੰਜਾਬ
3 ਕਮਿਸਨਰ ਫਿਰੋਜਪੁਰ ਮੰਡਲ, ਫਿਰੋਜਪੁਰ।
4 ਸੀਨੀਅਰ ਪੁਲਿਸ ਕਪਤਾਨ, ਫਿਰੋਜਪੁਰ
5 ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਫਿਰੋਜਪੁਰ।
6 ਜਿਲ੍ਹਾ ਲੋਕ ਸੰਪਰਕ ਅਫਸਰ, ਫਿਰੋਜਪੁਰ।
7 ਪੀ.ਏ. ਟੂ ਡੀ.ਐਮ., ਸਟੈਨੋ ਟੂ ਏ.ਡੀ.ਐਮ./ਸਟੈਨੋ ਟੂ ਏ.ਸੀ.(ਜ)

ਜਿਲ੍ਹਾ ਮੈਜਿਸਟਰੇਟ
ਫਿਰੋਜਪੁਰ

Scanned by CamScanner